ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4ਸ਼ਾਖਾ)

**ਹੁਕਮ**

ਸਿੱਖਿਆ ਵਿਭਾਗ(ਸਕੂਲਜ਼) ਵੱਲੋਂ ਸਿੱਧੀ ਭਰਤੀ ਰਾਹੀਂ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਦੁਆਰਾ ਬਤੌਰ ਪੀ.ਈ.ਐਸ ਗਰੁੱਪ-ਏ (ਸਕੂਲ ਅਤੇ ਇੰਸਪੈਕਸ਼ਨ) ਚੁਣੇ ਗਏ, ਵੇਟਿੰਗ ਲਿਸਟ ਵਿੱਚੋਂ ਹੇਠ ਅਨੁਸਾਰ, ਉਮੀਦਵਾਰਾਂ ਨੂੰ ਪੀ.ਈ.ਐਸ.(ਸਕੂਲ ਤੇ ਇੰਸਪੈਕਸ਼ਨ)ਗਰੁੱਪ-ਏ ਰੂਲਜ਼,2018 ਅਨੁਸਾਰ ਪ੍ਰੋਵੀਜ਼ਨਲ ਤੌਰ ਤੇ ਬਤੌਰ ਪ੍ਰਿੰਸੀਪਲ ਨਿਯੁਕਤ ਕੀਤਾ ਜਾਂਦਾ ਹੈ:-

| Sr. No. | REFERENCE NUMBER | CANDIDATE NAME | FATHER NAME | PPSC CATEGORY NAME | STATION ALLOTED |
|---|---|---|---|---|---|
| 1 | 2019132502340 | Dildeep Kaur | Bhagwan Haans | Balmiki/Mazhbi Sikh,Punjab | GSSS, Lehal Kalan, Sangrur |

2. ਉਪਰੋਕਤ ਉਮੀਦਵਾਰਾਂ ਦੀਆਂ ਨਿਯੁਕਤੀਆਂ ਪੰਜਾਬ ਐਜੂਕੇਸ਼ਨਲ ਸਰਵਸਿਜ਼ (ਗਰੁੱਪ-ਏ) ਵਿੱਚ ਖਾਲੀ ਆਸਾਮੀਆਂ ਵਿਰੁੱਧ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਕੀਤੀਆਂ ਜਾਂਦੀਆਂ ਹਨ:-

ੳ) ਇਹ ਨਿਯੁਕਤੀਆਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ/ਮਾਨਯੋਗ ਸੁਪਰੀਮ ਕੋਰਟ ਵਿੱਚ ਚੱਲ ਰਹੇ ਕੇਸਾਂ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਣਗੀਆਂ ਜੇਕਰ ਮਾਨਯੋਗ ਅਦਾਲਤ ਵੱਲੋਂ ਕੋਈ ਅਜਿਹਾ ਆਦੇਸ਼/ਹੁਕਮ ਪ੍ਰਾਪਤ ਹੁੰਦਾ ਹੈ ਜੋ ਇਨ੍ਹਾਂ ਨਿਯੁਕਤੀਆਂ ਦੇ ਵਿਰੁੱਧ ਹੋਏ ਤਾਂ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ।ਇਸ ਤੋ ਇਲਾਵਾ CWP No-14592/2019-Balraj Singh and others ਅਤੇ ਹੋਰ ਅਜਿਹੇ ਸਿਮੀਲਰ ਨੇਚਰ ਦੀਆਂ ਚੱਲ ਰਹੀਆਂ ਰਿੱਟ ਪਟੀਸ਼ਨਾਂ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਦਿੱਤਾ ਗਿਆ ਅੰਤਿਮ ਫੈਸਲਾ ਮੰਨਣਯੋਗ ਹੋਵੇਗਾ।ਇਨ੍ਹਾਂ ਰਿੱਟ ਪਟੀਸ਼ਨਾਂ ਵਿੱਚ ਹੋਏ ਫੈਸਲੇ ਅਨੁਸਾਰ ਜੇਕਰ ਕਿਸੇ ਉਮੀਦਵਾਰ ਦੀ ਨਿਯੁਕਤੀ ਰੱਦ ਕੀਤੀ ਜਾਂਦੀ ਹੈ ਤਾਂ ਉਹ ਇਸ ਸਬੰਧੀ ਆਪਣਾ ਕਲੇਮ ਵਿਭਾਗ ਪਾਸੋਂ ਨਹੀਂ ਕਰੇਗਾ।

ਜੇਕਰ ਇਨ੍ਹਾਂ ਰਿੱਟ ਪਟੀਸ਼ਨਾਂ ਵਿੱਚ ਮਾਨਯੋਗ ਅਦਾਲਤ ਵੱਲੋਂ ਕੋਈ ਅਜਿਹਾ ਫੈਸਲਾ/ਹੁਕਮ ਪ੍ਰਾਪਤ ਹੁੰਦਾ ਹੈ ਜੋ ਇਨ੍ਹਾਂ ਨਿਯੁਕਤੀਆਂ ਦੇ ਵਿਰੁੱਧ ਹੋਵੇ ਤਾਂ ਇਹ ਨਿਯੁਕਤੀਆਂ ਮੁੜ ਵਿਚਾਰਨ ਯੋਗ ਹੋਣਗੀਆਂ।

ਅ) ਇਹ ਨਿਯੁਕਤੀਆਂ ਬਿਲਕੁਲ ਆਰਜ਼ੀ ਹੋਣਗੀਆਂ। ਪੀ.ਈ.ਐਸ ਗਰੁੱਪ-ਏ ਦੀ ਸੀਨੀਆਰਤਾ ਬਾਅਦ ਵਿੱਚ ਨਿਰਧਾਰਿਤ ਕੀਤੀ ਜਾਵੇਗੀ।

ੲ) ਇਨ੍ਹਾਂ ਅਧਿਕਾਰੀਆਂ ਦਾ ਪ੍ਰਰਖਕਾਲ ਤਿੰਨ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸ਼ਨ,ਪਟਿਆਲਾ ਤੋਂ ਪ੍ਰਵਾਨਗੀ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿੱਚ ਵਾਪਰੇ ਤੱਕ ਹੋਵੇਗਾ।ਪਰਖ ਕਾਲ ਦੇ ਸਮੇਂ ਦੌਰਾਨ ਇਨ੍ਹਾਂ ਨੂੰ ਤਨਖਾਹ ਸਕੇਲ ਦਾ ਕੇਵਲ ਪੇਅ-ਇੰਨ ਪੇਅ ਬੈਂਡ ਮਿਲਣ ਯੋਗ ਹੋਵੇਗਾ।

ਸ) ਸਰਕਾਰ ਵੱਲੋਂ ਨਿਯੁਕਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਨਿਯੁਕਤ ਸਾਰੇ ਉਮੀਦਵਾਰਾਂ ਲਈ ਮੰਨਣਯੋਗ ਹੋਣਗੇ।

3. ਚੰਡੀਗੜ੍ਹ ਅਤੇ ਹੋਰ ਅਜਿਹੇ ਸੰਸਥਾਵਾਂ ਤੋਂ ਨਿਯੁਕਤ ਹੋਏ ਉਮੀਦਵਾਰ ਆਪਣੀ ਹਾਜ਼ਰੀ ਸੱਤ ਦਿਨਾਂ ਦੇ ਅੰਦਰ-ਅੰਦਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)ਪਾਸ ਦੇਣੀ ਯਕੀਨੀ ਬਣਾਉਣਗੇ, ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਨਿਯੁਕਤੀ ਰੱਦ ਕਰ ਦਿੱਤੀ ਜਾਵੇਗੀ।

4. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਉਮੀਦਵਾਰਾਂ ਦੇ ਖਰਚੇ ਤੇ ਇਨ੍ਹਾਂ ਦੇ ਸਰਟੀਫਿਕੇਟ ਛੇ ਮਹੀਨਿਆਂ ਵਿੱਚ ਵੈਰੀਫਾਈ ਕਰਵਾਉਣਗੇ।

5. ਜੇਕਰ ਕਿਸੇ ਪੱਧਰ ਤੇ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਸਰਟੀਫਿਕੇਟ ਜਾਂ ਹੋਰ ਕੋਈ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਉਸਦੀ ਨਿਯੁਕਤੀ ਬਿਨਾਂ ਕਾਰਨ ਦੱਸੇ ਰੱਦ ਕਰ ਦਿੱਤੀ ਜਾਵੇਗੀ।

ਕ੍ਰਿਸ਼ਨ ਕੁਮਾਰ,ਆਈ.ਏ.ਐਸ,<br>ਸਕੱਤਰ,ਪੰਜਾਬ ਸਰਕਾਰ,<br>ਸਿੱਖਿਆ ਵਿਭਾਗ(ਸਕੂਲਜ਼)

ਮਿਤੀ,ਚੰਡੀਗੜ੍ਹ:

ਪਿੱਠ ਅੰਕਣ ਨੰ:1/28/2019-2ਸਿ4/2442-51 ਮਿਤੀ,ਚੰਡੀਗੜ੍ਹ: 06-07-2020

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਹਾਂਲੇਖਾਕਾਰ (ਏ ਐਂਡ ਈ),ਆਡਿਟ ਵਿੰਗ, ਪੰਜਾਬ,ਚੰਡੀਗੜ੍ਹ।
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ,ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।
4. ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ),ਪੰਜਾਬ।
5. ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ),ਪੰਜਾਬ।
6. ਡਾਇਰੈਕਟਰ ਐਸ.ਸੀ.ਈ.ਆਰ.ਟੀ,ਪੰਜਾਬ।
7. ਡਾਇਰੈਕਟਰ ਸਿੱਖਿਆ ਵਿਭਾਗ,ਚੰਡੀਗੜ੍ਹ ਪ੍ਰਸਾਸ਼ਨ, ਚੰਡੀਗੜ੍ਹ।
8. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ),ਪੰਜਾਬ।
9. ਡੀ.ਐਮ/ਐਮ.ਆਈ ਐਸ ਵਿੰਗ, ਦਫ਼ਃਡੀਜੀਐਸਈ,ਪੰਜਾਬ ਨੂੰ ਲਿਖਿਆ ਜਾਦਾ ਹੈ ਕਿ ਉਕਤ ਹੁਕਮਾਂ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤਾ ਜਾਵੇ।
10. ਸਬੰਧਤ ਉਮੀਦਵਾਰ।

ਸੁਪਰਡੰਟ